Punjab Government Gazette
EXTRAORDINARY
Published by Authority
CHANDIGARH, MONDAY, FEBRUARY 23, 2026 (PHALGUNA 4, 1947 SAKA)

ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ-7 ਸ਼ਾਖਾ)

ਅਧਿਸੂਚਨਾ

ਮਿਤੀ 27 ਜਨਵਰੀ, 2026

ਨੰ. HFW-HTH703A/3/2025-2H7/I/1300400/2026(1).- ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ **ਸਿਵਲ ਹਸਪਤਾਲ ਬਾਦਲ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸਿਵਲ ਹਸਤਪਾਲ ਸ੍ਰੀ ਖਡੂਰ ਸਾਹਿਬ ਜਿਲ੍ਹਾ ਤਰਨਤਾਰਨ, ਸੀ.ਐਚ.ਸੀ. ਜਲਾਲਾਬਾਦ ਜਿਲ੍ਹਾ ਫਾਜਿਲਕਾ ਅਤੇ ਟਰਸ਼ਰੀ ਕੈਂਸਰ ਸੈਂਟਰ ਜਿਲ੍ਹਾ ਫਾਜ਼ਿਲਕਾ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ** ਨੂੰ ਹੇਠ ਲਿਖੀਆਂ ਸ਼ਰਤਾਂ ਅਧੀਨ ਪੂਰਨ ਤੌਰ ਤੇ ਟਰਾਂਸਫਰ ਕਰਨ ਦੀ ਆਗਿਆ ਦਿੰਦੇ ਹਨ:-

ੳ) ਇਨ੍ਹਾਂ ਸੰਸਥਾਵਾਂ ਦਾ ਖਰਚਾ ਜਿਸ ਵਿੱਚ ਤਨਖਾਹਾਂ, ਆਮ ਪ੍ਰਬੰਧ, ਰਾਸ਼ਟਰੀ ਅਤੇ ਰਾਜ ਪੱਧਰੀ ਪ੍ਰੋਗਰਾਮ ਆਦਿ ਦਾ ਖਰਚਾ ਸ਼ਾਮਲ ਹੈ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਕੀਤਾ ਜਾਵੇਗਾ।

ਅ) ਇਨ੍ਹਾਂ ਸੰਸਥਾਵਾਂ ਵਿੱਚ ਕੰਮ ਕਰਦੇ ਡਾਕਟਰ ਅਤੇ ਹੋਰ ਅਮਲਾ ਸਿਹਤ ਵਿਭਾਗ ਵਿੱਚ ਹੀ ਕਾਰਜਸੀਲ ਰਹਿਣਗੇ ਇਨ੍ਹਾਂ ਨੂੰ ਸਿਹਤ ਵਿਭਾਗ ਦੀ ਪਾਲਿਸੀ ਅਨੁਸਾਰ ਹੋਰ ਜਗ੍ਹਾਂ ਤੇ ਤੈਨਾਤ ਕਰ ਦਿੱਤਾ ਜਾਵੇਗਾ। ਜਿਸ ਨਾਲ ਡਾਕਟਰਾਂ ਅਤੇ ਹੋਰ ਸਟਾਫ ਦੀ ਸੀਨੀਅਰਤਾ, ਕਾਡਰ ਮੈਨੇਜਮੈਂਟ ਸਿਹਤ ਵਿਭਾਗ ਅਧੀਨ ਲਾਗੂ ਸਬੰਧਤ ਸੇਵਾਂ ਨਿਯਮਾਂ ਅਨੁਸਾਰ ਹੀ ਨਿਰਧਾਰਤ ਹੁੰਦੀ ਰਹੇਗੀ।

ੲ) ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਨੂੰ ਇਨ੍ਹਾਂ ਹਸਪਤਾਲਾਂ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਲੋੜੀਂਦੇ ਡਾਕਟਰ/ਅਮਲੇ ਆਦਿ ਨੂੰ ਆਪਣੇ ਪੱਧਰ ਤੇ ਨਿਯੁੱਕਤ ਕਰਨ ਦੀ ਖੁੱਲ੍ਹ ਹੋਵੇਗੀ।

ਸ) ਰੋਗੀ ਕਲਿਆਣ ਸੰਮਤੀ ਅਤੇ ਹੋਰ ਸੁਸਾਇਟੀਆਂ ਜਿਨ੍ਹਾਂ ਦਾ ਸਬੰਧ ਇਨ੍ਹਾਂ ਸੰਸਥਾਵਾਂ ਨਾਲ ਹੈ, ਉਹ ਵੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਨੂੰ ਟਰਾਂਸਫਰ ਹੋ ਜਾਣਗੀਆਂ ਅਤੇ ਇਸ ਦੇ ਅਧੀਨ ਕੰਮ ਕਰਨਗੀਆਂ।

ਹ) ਇਨ੍ਹਾਂ ਸੰਸਥਾਵਾਂ ਨੂੰ ਚਲਾਉਣ/ਰੱਖ ਰਖਾਓ ਅਤੇ ਯੂਜਰ ਚਾਰਜਿਜ਼ ਆਦਿ ਲਗਾਉਣ ਬਾਰੇ ਸਾਰੇ ਫੈਸਲੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਆਪਣੇ ਪੱਧਰ ਤੇ ਕਰੇਗੀ। ਪਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਇਸ ਗੱਲ ਨੂੰ ਧਿਆਨ ਵਿੱਚ ਰੱਖੇਗੀ ਕਿ ਇਹ ਯੂਜਰ ਚਾਰਸਿਜ਼ ਰਾਜ ਸਰਕਾਰ ਦੇ ਪੈਟਰਨ ਤੇ ਹੀ ਹੋਣ।

ਕ) ਇਨ੍ਹਾਂ ਸੰਸਥਾਵਾਂ ਦੀਆਂ ਬਿਲਡਿੰਗਾਂ, ਮਸ਼ੀਨਰੀ ਅਤੇ ਹੋਰ ਸਾਜੋ ਸਮਾਨ ਜਿਥੇ ਹੈ ਜਿਵੇਂ ਹੈ, ਦੇ ਅਧਾਰ ਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਨੂੰ ਟਰਾਂਸਫਰ ਸਮਝਿਆ ਜਾਵੇਗਾ। ਭਵਿੱਖ ਵਿੱਚ ਇਸ ਸਾਰੇ ਸਮਾਨ ਦੀ ਸਾਂਭ ਸੰਭਾਲ, ਰਿਪੇਅਰ, ਬਦਲਾਓ ਅਤੇ ਸੰਸਥਾਵਾਂ ਵਿੱਚ ਹੋਰ ਸਹੂਲਤਾਂ ਵਧਾਉਣ ਦੀ ਸਾਰੀ ਜਿੰਮੇਵਾਰੀ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਦੀ ਹੋਵੇਗੀ।

ਖ) ਇਨ੍ਹਾਂ ਸੰਸਥਾਵਾਂ ਵਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਤੋਂ ਇਲਾਵਾ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਨੂੰ ਇਨ੍ਹਾਂ ਸੰਸਥਾਵਾਂ ਨੂੰ ਉਹਨਾਂ ਸਾਰੇ ਕੰਮਾਂ ਲਈ ਵਰਤਣ ਦੀ ਖੁੱਲ ਹੋਵੇਗੀ, ਜਿੰਨ੍ਹਾਂ ਦਾ ਸਬੰਧ ਮੈਡੀਕਲ ਸਿੱਖਿਆ ਅਤੇ ਖੋਜ ਨਾਲ ਹੋਵੇ।

ਗ) ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਨੂੰ ਇ੍ਹਨਾਂ ਸੰਸਥਾਵਾਂ ਵਿਖੇ ਆਪਣੀ ਦੇਖ-ਰੇਖ ਹੇਠ ਜਾਂ ਆਪਣੇ ਅਧੀਨ ਮਾਨਤਾ ਪ੍ਰਾਪਤ ਕਾਲਜਾਂ/ਸੰਸਥਾਵਾਂ ਰਾਹੀਂ ਕਿਸੇ ਵੀ ਪੱਧਰ ਤੇ ਕੋਰਸ ਸ਼ੁਰੂ ਕਰਨ ਅਤੇ ਰਿਸਰਚ ਕਰਨ ਦੀ ਖੁੱਲ ਹੋਵੇਗੀ। ਪਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਇਹ ਯਕੀਨੀ ਬਣਾਏਗੀ ਕਿ ਆਮ ਜਨਤਾ ਲਈ ਇਨ੍ਹਾਂ ਸੰਸਥਾਵਾਂ ਵਿੱਚ 100 ਬਿਸਤਰਿਆਂ ਦੇ ਹਸਪਤਾਲ ਦੇ ਬਰਾਬਰ ਸਿਹਤ ਸੇਵਾਵਾਂ ਹਮੇਸ਼ਾ ਉਪੱਲਬਧ ਹੋਣ:

ਘ) ਇਨ੍ਹਾਂ ਸੰਸਥਾਵਾਂ ਲਈ ਰਾਜ ਸਰਕਾਰ ਵੱਖ-ਵੱਖ ਕੌਮੀ ਅਤੇ ਰਾਜ ਪੱਧਰ ਦੇ ਪ੍ਰੋਗਰਾਮਾਂ ਲਈ ਫੰਡਜ਼ ਉਪਲੱਬਧ ਕਰਦੀ ਹੈ, ਜੋ ਕਿ ਮਰੀਜ਼ਾਂ/ਆਮ ਜਨਤਾ ਦੀ ਭਲਾਈ ਲਈ ਇਨ੍ਹਾਂ ਹਸਪਤਾਲਾਂ ਵੱਲੋਂ ਵਰਤੇ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਜਨਨੀ ਸਰੁੱਖਿਆ ਯੋਜਨਾਂ ਅਤੇ ਮਾਤਾ ਕੁਸ਼ਲਿਆ ਯੋਜਨਾ ਵਿੱਚ ਜਣੇਪੇ ਦੇ ਕੇਸਾਂ ਵਿੱਚ ਫੰਡਜ ਦਿੱਤੇ ਜਾ ਰਹੇ ਹਨ। ਇਨ੍ਹਾਂ ਹਸਪਤਾਲ ਲਈ ਰਾਜ ਸਰਕਾਰ ਵੱਲੋਂ ਵੱਖ-ਵੱਖ ਪਲਾਨ ਸਕੀਮਾਂ ਲਈ ਦਿੱਤੇ ਜਾ ਰਹੇ ਫੰਡਜ਼ ਪਹਿਲਾਂ ਦੀ ਤਰ੍ਹਾਂ ਜਾਰੀ ਰਹਿਣਗੇ। ਸਬੰਧਤ ਇੰਚਾਰਜ ਇਹਨਾਂ ਫੰਡਾਂ ਦਾ ਲੇਖਾ-ਜੋਖਾ ਅਤੇ ਪੂਰਾ ਰਿਕਾਰਡ ਰੱਖਣਾ ਯਕੀਨੀ ਬਣਾਏਗਾ।

ਙ) ਇਨ੍ਹਾਂ ਸਿਹਤ ਸੰਸਥਾਵਾਂ ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਅਧੀਨ ਟਰਾਂਸਫਰ ਹੋਣ ਉਪਰੰਤ ਸਿਹਤ ਵਿਭਾਗ ਅਧੀਨ ਪ੍ਰਵਾਨਤ ਬਜ਼ਟ ਸਰੰਡਰ ਕੀਤਾ ਜਾਵੇਗਾ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਅਧੀਨ ਗ੍ਰਾਂਟ ਇੰਨ ਏਡ ਵਜੋਂ ਸੀਮੀਲਰ ਬਜ਼ਟ ਦੀ ਤਜਵੀਜ ਆਪਣੇ ਪੱਧਰ ਤੇ ਭੇਜੀ ਜਾਵੇਗੀ।

2) ਇਹ ਨੋਟੀਫਿਕੇਸ਼ਨ ਮੰਤਰੀ ਪ੍ਰੀਸ਼ਦ ਵੱਲੋਂ ਦਿੱਤੀ ਗਈ ਪ੍ਰਵਾਨਗੀ ਜੋ ਕਿ ਮੰਤਰੀ ਮੰਤਰੀ ਸ਼ਾਖਾ ਦੇ ਅੰ.ਵਿ.ਪੱ.ਨੰ. 01/13/2026-1ਕੈਬ/282, ਮਿਤੀ 20.01.2026 ਰਾਹੀਂ ਜਾਰੀ ਕੀਤੀ ਗਈ, ਦੇ ਸਨਮੁੱਖ ਜਾਰੀ ਕੀਤੀ ਜਾਂਦੀ ਹੈ।

ਕੁਮਾਰ ਰਾਹੁਲ, ਆਈ.ਏ.ਐਸ.

ਚੰਡੀਗੜ੍ਹ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ।

3644/2-2026/Pb. Govt. Press, S.A.S. Nagar